ਯੋਗ ਬਣਾਉਣ ਵਾਲੀ ਘਟਨਾ ਕੀ ਹੈ

ਯੋਗ ਈਵੈਂਟ ਕੋਈ ਵੀ ਫੌਜੀ ਈਵੈਂਟ ਜਾਂ ਪਰਿਵਾਰਕ ਮੈਂਬਰ ਦੀ ਤਾਇਨਾਤੀ ਦੇ ਨਤੀਜੇ ਵਜੋਂ ਜ਼ਰੂਰੀ ਲੋੜ ਹੁੰਦੀ ਹੈ। ਭੁਗਤਾਨ ਕੀਤੀ ਪਰਿਵਾਰਕ ਛੁੱਟੀ (Paid Family Leave, PFL) ਲਈ, ਫੌਜੀ ਘਟਨਾ ਦਾ ਕੈਲੀਫ਼ੋਰਨੀਆ ਵਿੱਚ ਵਾਪਰਨਾ ਜ਼ਰੂਰੀ ਨਹੀਂ ਹੈ।

ਉਦਾਹਰਨਾਂ ਵਿੱਚ ਸ਼ਾਮਲ ਹਨ:

- ਤਾਇਨਾਤੀ ਦੌਰਾਨ ਬੱਚਿਆਂ ਜਾਂ ਮਾਪਿਆਂ ਦੀ ਦੇਖਭਾਲ ਦਾ ਪਰ੍ਬੰਧ ਕਰਨਾ।
- ਤਾਇਨਾਤੀ ਦੌਰਾਨ ਕਾਨੂੰਨੀ ਜਾਂ ਵਿੱਤੀ ਯੋਜਨਾਵਾਂ ਬਣਾਉਣ ਵਿੱਚ ਮਦਦ ਕਰਨਾ।
- ਕਾਉਂਸਲਿੰਗ ਵਿੱਚ ਜਾਣਾ।
- ਆਰਾਮ ਅਤੇ ਤੰਦਰੁਸਤੀ ਦੀ ਛੁੱਟੀ ਦੌਰਾਨ ਫੌਜੀ ਮੈਂਬਰ ਦੀ ਮਦਦ ਕਰਨਾ।
- ਫੌਜ ਦੁਆਰਾ ਸਪਾਂਸਰ ਕੀਤੇ ਸਮਾਗਮਾਂ ਜਾਂ ਸਮਾਰੋਹਾਂ ਵਿੱਚ ਹਾਜ਼ਰ ਹੋਣਾ।
- ਸੰਘੀ, ਰਾਜ ਜਾਂ ਸਥਾਨਕ ਸਮਾਗਮਾਂ ਵਿੱਚ ਫੌਜੀ ਮੈਂਬਰ ਦੀ ਨੁਮਾਇੰਦਗੀ ਕਰਨਾ।
- ਫੌਜੀ ਮੈਂਬਰ ਦੀ ਮੌਤ ਕਾਰਨ ਪੈਦਾ ਹੋਏ ਮਸਲਿਆਂ ਨੂੰ ਹੱਲ ਕਰਨਾ।
- ਹੋਰ ਗਤੀਵਿਧੀਆਂ ਜਿਨ੍ਹਾਂ 'ਤੇ ਮਾਲਕ ਅਤੇ ਕਰਮਚਾਰੀ ਯੋਗ ਘਟਨਾ ਵਜੋਂ ਸਹਿਮਤ ਹੁੰਦੇ ਹਨ—ਜਿਸ ਵਿੱਚ ਛੁੱਟੀ ਦਾ ਸਮਾਂ ਅਤੇ ਮਿਆਦ ਵੀ ਸ਼ਾਮਲ ਹੈ।

ਤਾਇਨਾਤੀ ਕਿਸ ਨੂੰ ਮੰਨਿਆ ਜਾਂਦਾ ਹੈ?

ਇੱਕ ਤਾਇਨਾਤੀ ਨੂੰ ਇਸ ਤਰ੍ਹਾਂ ਮੰਨਿਆ ਜਾਂਦਾ ਹੈ:

- ਕਵਰਡ ਐਕਟਿਵ ਡਿਊਟੀ।
- ਕਵਰਡ ਐਕਟਿਵ ਡਿਊਟੀ ਲਈ ਬੁਲਾਵਾ ਜਾਂ ਆਉਣ ਵਾਲੀ ਸੂਚਨਾ।
- ਕਵਰਡ ਐਕਟਿਵ ਡਿਊਟੀ ਤੋਂ ਆਰਾਮ ਅਤੇ ਤੰਦਰੁਸਤੀ ਦੀ ਛੁੱਟੀ।

ਆਰਾਮ ਅਤੇ ਤੰਦਰੁਸਤੀ ਦੀ ਛੁੱਟੀ ਕਿਸੇ ਵੀ ਜਗ੍ਹਾ ਕੀਤੀ ਜਾ ਸਕਦੀ ਹੈ, ਬਸ਼ਰਤੇ ਤੁਸੀਂ ਆਪਣੇ ਫੌਜੀ ਪਰਿਵਾਰਕ ਮੈਂਬਰ ਦੇ ਛੁੱਟੀ 'ਤੇ ਹੋਣ ਦੇ ਹੁਕਮਾਂ ਨੂੰ ਪੇਸ਼ ਕਰ ਸਕੋ।

Employment Development Department
State of California

PFL ਦਾ ਫ਼ੋਨ ਨੰਬਰ

ਸਾਡਾ ਟੋਲ-ਫ੍ਰੀ ਨੰਬਰ **1-877-238-4373** ਹੈ।

ਪ੍ਰਤੀਨਿਧੀ ਛੁੱਟੀਆਂ ਨੂੰ ਛੱਡ ਕੇ, ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਉਪਲਬਧ ਹੁੰਦੇ ਹਨ। ਇੱਕ ਛੋਟੇ ਸੁਨੇਹੇ ਤੋਂ ਬਾਅਦ, ਤੁਹਾਨੂੰ ਇੱਕ ਭਾਸ਼ਾ ਚੁਣਨੀ ਪਵੇਗੀ।

ਅੰਗਰੇਜ਼ੀ ਲਈ 1 ਦਬਾਓ।

ਸਪੈਨਿਸ਼ ਲਈ 2 ਦਬਾਓ।

ਹੋਰ ਸਾਰੀਆਂ ਭਾਸ਼ਾਵਾਂ ਲਈ 3 ਦਬਾਓ। ਦੁਭਾਸ਼ੀਏ ਦੀਆਂ ਸੇਵਾਵਾਂ ਮੁਫ਼ਤ ਉਪਲਬਧ ਹਨ।

TTY ਫ਼ੋਨ ਨੰਬਰ

ਸਾਡਾ ਟੋਲ-ਫ੍ਰੀ ਨੰਬਰ **1-880-445-1312** ਹੈ।

ਆਪਣੇ ਨੇੜੇ State Disability Insurance Office (edd.ca.gov/Disability/Contact_SDI.htm) ਲੱਭੋ।

EDD ਇਸ ਜਾਣਕਾਰੀ ਲਈ ਇੱਕ ਬਰਾਬਰ ਮੌਕਿਆਂ ਵਾਲਾ ਵਿਭਾਗ ਹੈ। ਜੇਕਰ ਤੁਹਾਨੂੰ ਕਿਸੇ ਅਪਾਹਜਤਾ ਕਾਰਨ ਮਦਦ ਜਾਂ ਸੇਵਾਵਾਂ ਦੀ ਲੋੜ ਹੈ, ਤਾਂ ਪ੍ਰੋਗਰਾਮ ਤੋਂ ਪਹਿਲਾਂ ਸਾਨੂੰ 1-866-490-8879 (ਵੌਇਸ) 'ਤੇ ਕਾਲ ਕਰੋ। ਜੇ ਤੁਸੀਂ TTY ਦੀ ਵਰਤੋਂ ਕਰਦੇ ਹੋ, ਤਾਂ ਕੈਲੀਫ਼ੋਰਨੀਆ ਰੀਲੇ ਸੇਵਾ ਨੂੰ 711 'ਤੇ ਕਾਲ ਕਰੋ।

ਫੌਜੀ ਪਰਿਵਾਰਕ ਮੈਂਬਰਾਂ ਲਈ ਭੁਗਤਾਨ ਕੀਤੀ ਪਰਿਵਾਰਕ ਛੁੱਟੀ

ਭੁਗਤਾਨ ਕੀਤੀ ਪਰਿਵਾਰਕ ਛੁੱਟੀ (Paid Family Leave, PFL) ਉਹਨਾਂ ਕਰਮਚਾਰੀਆਂ ਨੂੰ ਲਾਭ ਦਾ ਭੁਗਤਾਨ ਕਰਦੀ ਹੈ ਜਿਨ੍ਹਾਂ ਨੂੰ ਵਿਦੇਸ਼ ਵਿੱਚ ਪਰਿਵਾਰ ਦੇ ਕਿਸੇ ਮੈਂਬਰ ਦੀ ਫੌਜੀ ਤਾਇਨਾਤੀ ਕਾਰਨ ਇੱਕ ਯੋਗਤਾ ਪੂਰੀ ਕਰਨ ਵਾਲੀ ਘਟਨਾ ਵਿੱਚ ਹਿੱਸਾ ਲੈਣ ਲਈ ਛੁੱਟੀ ਦੀ ਲੋੜ ਹੁੰਦੀ ਹੈ।

EDD

ਕੌਣ ਯੋਗ ਹੈ?

PFL ਦੇ ਲਾਭਾਂ ਵਾਸਤੇ ਯੋਗ ਹੋਣ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਪਰਿਵਾਰਕ ਮੈਂਬਰ ਦੇ ਵਿਦੇਸ਼ ਵਿੱਚ ਫੌਜੀ ਤਾਇਨਾਤੀ ਕਾਰਨ ਇੱਕ ਯੋਗ ਈਵੈਂਟ ਵਿੱਚ ਸ਼ਾਮਲ ਹੋਣ ਲਈ ਕੰਮ ਤੋਂ ਛੁੱਟੀ ਚਾਹੀਦੀ ਹੈ। ਪਰਿਵਾਰ ਦਾ ਮੈਂਬਰ ਇਹਨਾਂ ਵਿੱਚੋਂ ਕੋਈ ਵੀ ਹੋ ਸਕਦਾ ਹੈ:
  - ਪਤੀ/ਪਤਨੀ।
  - ਰਜਿਸਟਰਡ ਘਰੇਲੂ ਸਾਥੀ।
  - ਮਾਤਾ-ਪਿਤਾ।
  - ਬੱਚਾ।
- California ਵਿੱਚ ਕੰਮ ਕੀਤਾ ਹੋਵੇ ਅਤੇ ਪਿਛਲੇ 5 ਤੋਂ 18 ਮਹੀਨਿਆਂ ਵਿੱਚ ਰਾਜ ਅਪਾਹਜਤਾ ਬੀਮਾ (SDI) ਵਿੱਚ ਭੁਗਤਾਨ ਕੀਤਾ ਹੋਵੇ, ਜਿਸ ਨੂੰ ਜ਼ਿਆਦਾਤਰ ਤਨਖਾਹ ਦੀਆਂ ਪਰਚੀਆਂ 'ਤੇ "CASDI" ਵਜੋਂ ਲਿਖਿਆ ਜਾਂਦਾ ਹੈ।
- ਪਿਛਲੇ 12 ਮਹੀਨਿਆਂ ਵਿੱਚ ਅੱਠ ਹਫ਼ਤਿਆਂ ਤੋਂ ਵੱਧ PFL ਨਹੀਂ ਲਈ ਹੈ।

ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸਥਿਤੀ ਇਸ ਦੀ ਯੋਗਤਾ ਨੂੰ ਪ੍ਰਭਾਵਿਤ ਨਹੀਂ ਕਰਦੇ ਹਨ।

ਮੈਂ ਅਰਜ਼ੀ ਕਿਵੇਂ ਦੇਵਾਂ?

ਤੁਸੀਂ *Claim for Paid Family Leave (PFL) Benefits* (DE 2501F) ਫਾਰਮ ਵਾਸਤੇ ਦਾਅਵਾ ਆਨਲਾਈਨ ਜਾਂ ਡਾਕ ਰਾਹੀਂ ਭਰ ਕੇ ਫਾਇਦਿਆਂ ਵਾਸਤੇ ਅਰਜ਼ੀ ਦੇ ਸਕਦੇ ਹੋ:

ਆਨਲਾਈਨ ਅਪਲਾਈ ਕਿਵੇਂ ਕਰਨਾ ਹੈ:

- ਇੱਥੇ ਵੇਖੋ MyEDD (myedd.edd.ca.gov)। **SDI ਆਨਲਾਈਨ** ਦੀ ਵਰਤੋਂ ਕਰਨ ਲਈ **'ਖਾਤਾ ਬਣਾਓ'** ਦੀ ਚੋਣ ਕਰੋ।

ਡਾਕ ਰਾਹੀਂ ਅਰਜ਼ੀ ਕਿਵੇਂ ਦੇਣੀ ਹੈ:

- **ਆਨਲਾਈਨ:** ਇੱਥੋਂ Online Forms and Publications (edd.ca.gov/forms) ਤੋਂ ਕਾਗਜ਼ੀ DE 2501F ਆਰਡਰ ਕਰੋ।
- **ਫੋਨ:**1-877-238-4373 'ਤੇ ਫੋਨ ਕਰਕੇ ਕਾਗਜ਼ੀ ਦਾਅਵੇ ਦੀ ਬੇਨਤੀ ਕਰੋ।

ਤੁਹਾਨੂੰ ਆਪਣੀ ਅਰਜ਼ੀ 'ਤੇ ਜੋ ਜਾਣਕਾਰੀ ਦੇਣ ਦੀ ਲੋੜ ਹੈ:

- ਭਾਗ A- ਕਾਗਜ਼ੀ PFL ਦਾਅਵਾ ਫਾਰਮ ਦੇ ਦਾਅਵੇਦਾਰ ਦਾ ਬਿਆਨ।
- ਰੁਜ਼ਗਾਰਦਾਤਾ ਦਾ ਨਾਮ।
- ਦਾਅਵੇ ਦੀ ਸ਼ੁਰੂਆਤੀ ਮਿਤੀ (ਇਹ ਪਰਿਵਾਰਕ ਛੁੱਟੀ ਦਾ ਪਹਿਲਾ ਦਿਨ ਹੈ)।
- ਤਨਖਾਹ ਦਾ ਭੁਗਤਾਨ, ਜੇ ਕੋਈ ਹੋਵੇ, ਅਤੇ ਕੰਮ ਦਾ ਆਖਰੀ ਦਿਨ।
- ਭਾਗ E - ਕਾਗਜ਼ੀ PFL ਦਾਅਵਾ ਫਾਰਮ ਦਾ ਫੌਜੀ ਸਹਾਇਤਾ ਪਰਮਾਣੀਕਰਨ।
- ਅਜਿਹੇ ਦਸਤਾਵੇਜ਼ ਜੋ ਇਹ ਦਰਸਾਉਂਦੇ ਹਨ ਕਿ ਮਿਲਟਰੀ ਮੈਂਬਰ ਇਹਨਾਂ ਕੰਮਾਂ 'ਤੇ ਹੈ:
  - ਕਵਰਡ ਐਕਟਿਵ ਡਿਊਟੀ ਜਾਂ ਕਵਰਡ ਐਕਟਿਵ ਡਿਊਟੀ ਲਈ ਬੁਲਾਇਆ ਗਿਆ ਹੈ।
  - ਉਹ ਦਸਤਾਵੇਜ਼ ਜੋ ਯੋਗਤਾ ਪੂਰੀ ਕਰਨ ਵਾਲੀ ਘਟਨਾ ਦਾ ਸਮਰਥਨ ਕਰਦੇ ਹਨ।

ਮੇਰੇ PFL ਲਾਭ ਕੀ ਹਨ?

- ਤੁਸੀਂ PFL ਤੋਂ ਆਪਣੀ ਹਫ਼ਤਾਵਾਰੀ ਤਨਖਾਹ ਦਾ 70 ਤੋਂ 90 ਪਰ੍ਤੀਸ਼ਤ ਪਰ੍ਾਪਤ ਕਰ ਸਕਦੇ ਹੋ।
- ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ 100 ਪਰ੍ਤੀਸ਼ਤ ਤਨਖਾਹ ਪਰ੍ਾਪਤ ਕਰਨ ਲਈ PFL ਫਾਇਦਿਆਂ ਤੋਂ ਇਲਾਵਾ ਛੁੱਟੀਆਂ, ਬਿਮਾਰ, ਤਨਖਾਹ-ਸ਼ੁਦਾ ਛੁੱਟੀ, ਜਾਂ ਹੋਰ ਛੁੱਟੀ ਦੀ ਵਰਤੋਂ ਕਰਨ ਦੀ ਆਗਿਆ ਦੇ ਸਕਦਾ ਹੈ।
- PFL ਨੂੰ ਇੱਕੋ ਸਮੇਂ ਲਿਆ ਜਾ ਸਕਦਾ ਹੈ ਜਾਂ 12 ਮਹੀਨਿਆਂ ਦੀ ਮਿਆਦ ਵਿੱਚ ਵੰਡਿਆ ਜਾ ਸਕਦਾ ਹੈ।

ਆਪਣੀ ਹਫਤਾਵਾਰੀ ਫਾਇਦਾ ਰਕਮ ਦਾ ਅੰਦਾਜ਼ਾ ਕਿਵੇਂ ਲਗਾਇਆ ਜਾਵੇ:

- **ਵੈੱਬਸਾਈਟ:** Disability Insurance and Paid Family Leave Calculator (edd.ca.gov/PFL_Calculator)

ਵਧੇਰੇ ਜਾਣਕਾਰੀ ਲਈ:

- **ਵੈੱਬਸਾਈਟ:** Paid Family Leave for Military Family Members (edd.ca.gov/disability/paid-family-leave/Military-Family-Members.htm).